## ਬੱਚੇ ਦਾ ਵਿਕਾਸ

# ਭਾਸ਼ਾ ਦਾ ਵਿਕਾਸ

ਤੁਹਾਡਾ ਬੱਚਾ ਪਹਿਲਾਂ ਰੋਕੇ ਤੁਹਾਡੇ ਨਾਲ "ਗੱਲ" ਕਰਦਾ ਹੈ। ਫਿਰ ਉਹ ਆਵਾਜ਼ਾਂ ਕਰਨਾ ਅਤੇ ਮੁਸਕਰਾਉਣਾ ਸਿੱਖਦਾ ਹੈ। ਅੰਤ ਵਿੱਚ ਉਹ ਸ਼ਬਦ ਵਰਤਣੇ ਸ਼ੁਰੂ ਕਰੇਗਾ।

### 1ਲਾ ਮਹੀਨਾ

- ਜਦੋਂ ਤੁਸੀਂ ਗੱਲ ਕਰਦੇ ਹੋ ਤਾਂ ਪ੍ਰਤੀਕਿਰਿਆ ਕਰਦਾ ਹੈ
- ਮੁਸਕਰਾ ਕੇ, ਦੇਖ ਕੇ ਅਤੇ ਰੋ ਕੇ "ਗੱਲ" ਕਰਦਾ ਹੈ

### 2ਰਾ ਮਹੀਨਾ

- ਆਪਣੀ ਆਵਾਜ਼ ਖੋਜ ਲੈਂਦਾ ਹੈ - ਗੜਗੜਾਉਂਦਾ ਹੈ, ਕੂਕਦਾ ਅਤੇ ਚਿਚਲਾਉਂਦਾ ਹੈ

### 3ਰਾ ਮਹੀਨਾ

- ਸਵਰਾਂ (vowel) ਦੀਆਂ ਲੰਬੀਆਂ ਆਵਾਜ਼ਾਂ ਕੱਢਦਾ ਹੈ ("ਆਹ")
- ਵੱਖ ਵੱਖ ਲੋੜਾਂ ਲਈ ਉਸਦਾ ਵੱਖ ਵੱਖ ਢੰਗ ਦਾ ਰੋਣਾ ਹੈ

### 4ਥਾ ਮਹੀਨਾ

- ਬੜਬੜ ਕਰਦਾ ਹੈ (babbles) ("ਬਾ-ਬਾ")
- ਚਿਚਲਾਉਂਦਾ ਹੈ
- ਤੁਹਾਡੇ ਦੁਆਰਾ ਕੀਤੀਆਂ ਜਾਣ ਵਾਲੀਆਂ ਆਵਾਜ਼ਾਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦਾ ਹੈ

### 5ਵਾਂ ਮਹੀਨਾ

- ਸਿਰ ਨੂੰ ਬੋਲ ਰਹੇ ਵਿਅਕਤੀ ਵਲ ਮੋੜਦਾ ਹੈ

### 6ਵਾਂ ਮਹੀਨਾ

- ਹੋਰ ਲੰਬੀਆਂ ਅਤੇ ਹੋਰ ਵਿਵਿਧ ਆਵਾਜ਼ਾਂ ਕਰਦਾ ਹੈ
- ਵੱਖ ਵੱਖ ਵਾਲੀਅਮ (volumes) ਅਤੇ ਪਿੱਚ ਅਜ਼ਮਾਉਂਦਾ ਹੈ
- ਆਪਣੇ ਬੁੱਲਾਂ ਅਤੇ ਜੀਭ ਨਾਲ ਫੂਕਣ ਵਾਲੀਆਂ (sputtering) ਆਵਾਜ਼ਾਂ ਕਰਦਾ ਹੈ
- ਖਿਡੌਣਿਆਂ ਨਾਲ "ਗੱਲ" ਕਰਦਾ ਹੈ

### ਦੇਖਭਾਲ ਮੰਗੋ

ਕੀ ਤੁਸੀਂ ਆਪਣੇ ਬੱਚੇ ਦੇ ਵਿਕਾਸ ਬਾਰੇ ਚਿੰਤਤ ਹੋ? ਯਾਦ ਰੱਖੋ – ਹਰ ਬੱਚਾ ਵਿਲੱਖਣ ਹੈ। ਪਰ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇ:

- ਤੁਹਾਡੇ ਬੱਚੇ ਦਾ ਸਰੀਰ ਬਹੁਤ ਕਰੜਾ ਜਾਂ ਪਿਲਪਿਲਾ (floppy) ਹੈ
- ਤੁਹਾਡਾ ਬੱਚਾ 2 ਤੋਂ 3 ਮਹੀਨਿਆਂ ਤੱਕ ਚਿਹਰੇ ਨਹੀਂ ਦੇਖਦਾ
- ਤੁਹਾਡਾ ਬੱਚਾ ਅਸਧਾਰਨ ਰੂਪ ਨਾਲ ਚੁਪ ਅਤੇ ਅਚਲ ਹੈ, ਜਾਂ ਕਦੇ ਵੀ ਟਿਕ ਨਹੀਂ ਸਕਦਾ
- ਤੁਹਾਡਾ ਬੱਚਾ ਉੱਚੀਆਂ ਆਵਾਜ਼ਾਂ ਪ੍ਰਤੀ ਪ੍ਰਤੀਕਿਰਆ ਨਹੀਂ ਕਰਦਾ
- ਤੁਹਾਡਾ ਬੱਚਾ ਆਪਣੇ ਹੱਥਾਂ ਨੂੰ ਘੁਟਵੀਆਂ ਮੁੱਠੀਆਂ ਵਿੱਚ ਰੱਖਦਾ ਹੈ
- ਤੁਹਾਡਾ ਬੱਚਾ ਉਸਦੀਆਂ ਅੱਖਾਂ ਦੇ ਨਾਲ ਗਤੀਵਿਧੀਆਂ ਦਾ ਪਿੱਛਾ ਨਹੀਂ ਕਰਦਾ
- ਤੁਹਾਡਾ ਬੱਚਾ ਤੁਹਾਨੂੰ ਪਛਾਣਦਾ ਨਹੀਂ ਹੈ
- ਤੁਹਾਡਾ ਬੱਚਾ ਆਵਾਜ਼ਾਂ ਨਹੀਂ ਕਰਦਾ
- ਤੁਹਾਡੇ ਬੱਚੇ ਨੂੰ ਦੁੱਧ ਪੀਣ ਵਿੱਚ ਬਹੁਤ ਮੁਸ਼ਕਲ ਹੁੰਦੀ ਹੈ

### ਯਾਦ ਰੱਖਣ ਵਾਲੀਆਂ ਮੁੱਖ ਗੱਲਾਂ

ਹਰ ਵੇਲੇ ਆਪਣੇ ਬੱਚੇ ਨਾਲ ਗੱਲ ਕਰੋ ਅਤੇ ਪ੍ਰਤੀਕਿਰਿਆ ਕਰੋ ਜਦੋਂ ਵੀ ਉਹ ਤੁਹਾਡੇ ਨਾਲ ਸੰਚਾਰ ਕਰਦਾ ਹੈ।

### ਕੀ ਤੁਹਾਨੂੰ ਪਤਾ ਹੈ

ਤੁਸੀਂ ਆਪਣੇ ਬੱਚੇ ਦੇ ਨਾਲ ਕਿਸੇ ਵੀ ਅਜਿਹੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ ਜਿਸ ਵਿੱਚ ਤੁਸੀਂ ਸਭ ਤੋਂ ਵੱਧ ਆਰਾਮਦਾਇਕ ਮਹਿਸੂਸ ਕਰਦੇ ਹੋ। ਅਸਲ ਵਿੱਚ, ਤੁਹਾਡਾ ਬੱਚਾ ਪਰੇਸ਼ਾਨ ਹੋਏ ਬਿਨਾਂ ਇੱਕ ਤੋਂ ਵੱਧ ਭਾਸ਼ਾ ਸਿੱਖ ਸਕਦਾ ਹੈ।

### ਬ੍ਰੇਨ ਬਿਲਡਰ

- ਪੜ੍ਹੋ, ਕਹਾਣੀਆਂ ਸੁਣਾਓ ਅਤੇ ਆਪਣੇ ਬੱਚੇ ਲਈ ਗਾਣੇ ਗਾਓ।
- ਜਦੋਂ ਤੁਸੀਂ ਉਸ ਨੂੰ ਇਸ਼ਨਾਨ ਕਰਵਾਉਂਦੇ ਹੋ ਜਾਂ ਡਾਇਪਰਿੰਗ ਵੇਲੇ, ਉਸ ਨਾਲ ਇਸ ਬਾਰੇ ਗੱਲ ਕਰੋ ਕਿ ਤੁਸੀਂ ਕੀ ਕਰ ਰਹੇ ਹੋ।
- ਤੁਹਾਡੇ ਗੱਲ ਕਰਦੇ ਹੋਏ ਉਸ ਨੂੰ ਤੁਹਾਡਾ ਮੂੰਹ ਦੇਖਣ ਦੇਣ ਦੀ ਕੋਸ਼ਿਸ਼ ਕਰੋ।
- ਉਸਦੇ ਕੂਕਣ ਅਤੇ ਬੜਬੜ ਕਰਨ ਨੂੰ ਦੋਹਰਾਓ ਅਤੇ ਉਸਦਾ ਜਵਾਬ ਦਿਓ।